**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ ਨਗਰ।**

ਹੁਕਮ ਨੰ : 20/476-13 ਅ 2(1)/ ਕੋ:ਸੈਲ:3

ਮਿਤੀ, ਐਸ.ਏ.ਐਸ ਨਗਰ : 25.05.2015

**ਦੋਸ਼ ਸੂਚੀ**

**ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਨੂੰ** ਇਸ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਵਾਲਿਯਮ-2 ਦੇ ਨਿਯਮ 2.2 (ਬੀ) ਅਧੀਨ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸਬੰਧੀ ਕਾਰਵਾਈ ਕਰਨ ਦੀ ਤਜ਼ਵੀਜ਼ ਹੈ ।

2. ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਨੂੰ ਲਿਖਿਆ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦਾ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦਾ ਹੈ।

3. ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋ ਇੱਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦਾ ਹੈ। ਉਸ ਨੂੰ ਇਹ ਲਿਖਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪ੍ਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਏ ਵਿੱਚ ਇਹ ਰਿਕਾਰਡ ਵਿਖਾਉਣਾ ਲੋਕ ਹਿੱਤ ਵਿੱਚ ਨਹੀਂ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਪਾਸ ਨਾ ਹੋਵੇ, ਵੇਖਣਾ ਚਾਹੇ ਤਾਂ ਉਸ ਦਾ ਸਬੰਧਤ ਰਿਕਾਰਡ ਨੂੰ ਨਾ ਵੇਖਣਾ ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਣ ਨਹੀਂ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸਚਿਤ ਸਮੇਂ ਦੇ ਅੰਦਰ ਅੰਦਰ ਸਹੀ ਕਰਤਾ ਨੂੰ ਨਾਂ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇਕ ਤਰਫਾ ਫੈਸਲਾ ਕੇਸ ਦੇ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿੱਖਤੀ ਜਵਾਬ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:) ਲੁਧਿਆਣਾ/ਸਬੰਧਤ ਸਕੂਲ ਮੁੱਖੀ ਰਾਂਹੀਂ ਭੇਜਿਆ ਜਾਵੇ ਅਤੇ ਇਸ ਦੀ ਇੱਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸੀ.ਰਾਊਲ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ।

**ਵੱਲ**
**ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ,**
**ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ**

ਪਿੱਠ ਅੰਕਣ ਨੰ: ਉਕਤ 10710-12 ਮਿਤੀ : 12/6/15

<u>ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ :-</u>

1. ਜਿਲਾ ਸਿਖਿਆ ਅਫਸਰ (ਸੈ: ਸਿ:) ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਨੂੰ ਦੋਸ਼ ਸੂਚੀ ਦਸਤੀ ਭੇਜਕੇ ਇਸ ਦਾ ਉੱਤਰ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

2. ਮੁੱਖਅਧਿਆਪਕ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿ ਉਪਰੋਕਤ ਰਿਟਾਇਰੀ ਨੂੰ ਦੋਸ਼ ਸੂਚੀ/ਰਸੀਵ ਕਰਵਾਕੇ ਇਸ ਦਾ ਉੱਤਰ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿਪਣੀ ਸਹਿਤ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਲੁਧਿਆਣਾ ਰਾਹੀਂ ਇਸ ਦਫਤਰ ਨੂੰ ਭੇਜਿਆ ਜਾਵੇ।

ਸੁਪਰਡੰਟ ਕੋਆਰਡੀਨੇਸ਼ਨ ਸੈਲ

## ਦੋਸ਼ ਸੂਚੀ

ਦੋਸ਼ ਸੂਚੀ ਵਿਰੁੱਧ:- ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ।

ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ, ਜੋ In-absentia ਮਿਤੀ 31.05.2013 ਨੂੰ ਰਿਟਾਇਰ ਹੋ ਚੁੱਕਾ ਹੈ, ਵਿਰੁੱਧ ਦੋਸ਼ ਹੈ ਕਿ ਉਹ ਮਿਤੀ 31.07.1998 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਚਲਦਾ ਰਿਹਾ ਹੈ। ਇਸ ਕਰਕੇ ਉਸਨੇ ਆਪਣੇ ਆਪ ਨੂੰ ਪੰਜਾਬ ਸਿਵਲ ਸਰਵਿਸਜ ਰੂਲਜ ਵਾਲਿਯਮ-2 ਦੇ ਨਿਯਮ 2.2(ਬੀ) ਅਧੀਨ ਸਜ਼ਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦੋਸ਼ ਵਿਵਰਣ

ਦੋਸ਼ ਵਿਵਰਣ ਵਿਰੁੱਧ:- ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ।

ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਸਿੱਖਿਆ ਵਿਭਾਗ ਵਿੱਚ ਹਾਜ਼ਰ ਹੋਣ ਦੀ ਮਿਤੀ 18.10.1997 ਤੋਂ ਮਿਤੀ 29.07.98 ਤੱਕ ਤਨਖਾਹ ਸਮੇਤ ਛੁੱਟੀ(126 ਦਿਨ), ਅੱਧੀ ਤਨਖਾਹ ਛੁੱਟੀ(207 ਦਿਨ) ਅਤੇ ਬਿਨਾਂ ਤਨਖਾਹ ਛੁੱਟੀ(894 ਦਿਨ) ਤੇ ਹੀ ਰਿਹਾ। ਮਿਤੀ 29.07.98 ਨੂੰ ਬਿਨਾਂ ਤਨਖਾਹ ਛੁੱਟੀ ਖਤਮ ਹੋਣ ਉਪਰੰਤ ਇਸਨੇ ਆਪਣੀ ਡਿਊਟੀ ਲਈ ਰਿਪੋਰਟ ਕਰਨੀ ਸੀ ਪਰੰਤੂ ਉਸ ਵੱਲੋਂ ਰਿਪੋਰਟ ਨਹੀਂ ਕੀਤੀ ਗਈ ਅਤੇ ਮਿਤੀ 31.05.2013 ਨੂੰ ਇਹ ਕਰਮਚਾਰੀ ਆਪਣੀ ਗੈਰ ਹਾਜਰੀ ਦੌਰਾਨ ਹੀ ਰਿਟਾਇਰ ਹੋ ਗਿਆ। ਮਿਤੀ 30.07.1998 ਤੋਂ ਲੈ ਕੇ ਰਿਟਾਇਰਮੈਂਟ ਦੀ ਮਿਤੀ 31.05.2013 ਤੱਕ ਲਗਾਤਾਰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਕੇ ਇਸ ਕਰਮਚਾਰੀ ਨੇ ਆਪਣੀ ਗੈਰ ਜ਼ਿੰਮੇਵਾਰੀ , negligence ਅਤੇ mis-conduct ਦਾ ਸਬੂਤ ਦਿੱਤਾ ਹੈ।

ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ ਨੇ ਅਜਿਹਾ ਕਰਕੇ ਨਿਯਮਾਂ/ਹਦਾਇਤਾਂ ਦੀ ਘੋਰ ਉਲੰਘਣਾ ਕੀਤੀ ਹੈ ਅਤੇ ਆਪਣੇ ਆਪ ਨੂੰ ਪੰਜਾਬ ਸਿਵਲ ਸਰਵਿਸਜ ਰੂਲਜ ਵਾਲਿਯਮ-2 ਦੇ ਨਿਯਮ 2.2(ਬੀ) ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਗਵਾਹਾਂ ਦੀ ਸੂਚੀ

ਗਵਾਹਾਂ ਦੀ ਸੂਚੀ ਵਿਰੁੱਧ:- ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ।

1. ਮੁੱਖਅਧਿਆਪਕ, ਸਰਕਾਰੀ ਹਾਈ ਸਕੂਲ, ਰਾਜਗੜ੍ਹ, ਜ਼ਿਲ੍ਹਾ ਲੁਧਿਆਣਾ।
2. ਸਬੰਧਤ ਸਕੂਲ ਦਾ ਕਲਰਕ, ਆਦਿ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦਸਤਾਵੇਜਾ ਦੀ ਸੂਚੀ

ਦਸਤਾਵੇਜਾ ਦੀ ਸੂਚੀ ਵਿਰੁੱਧ:- ਸ਼੍ਰੀ ਰਜਿੰਦਰ ਸਿੰਘ, ਰਿਟਾਇਰਡ ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ, ਰਾਜਗੜ੍ਹ ਜ਼ਿਲ੍ਹਾ ਲੁਧਿਆਣਾ।

1. ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ), ਲੁਧਿਆਣਾ ਦੀ ਰਿਪੋਰਟ।
2. ਸਬੰਧਤ ਸਕੂਲ ਦਾ ਹਾਜਰੀ ਰਜਿਸਟਰ ਅਤੇ ਹੋਰ ਰਿਕਾਰਡ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ